# ਮਤੁ ਦੇਖਿ ਭੂਲਾ ਵੀਸਰੈ

ੴ ਸਤਿ ਗੁਰ ਪ੍ਰਸਾਦਿ ॥

ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧

ਸਭ ਤੋਂ ਪਹਿਲਾਂ ਮੰਗਲਾਚਰਣ ਦੇ ਤੌਰ ਤੇ ਮੂਲ ਮੰਤਰ ਦਾ ਸੰਖੇਪ ਰੂਪ ਅੰਕਤ ਹੈ। ਇਸ ਤੋਂ ਬਾਅਦ, ਸ਼ਬਦ ਦਾ ਰਾਗ ਦਸਿਆ ਗਿਆ ਹੈ। 'ਮਹਲਾ' ਲਫ਼ਜ਼, ਨਾਨਕ ਦੇ ਸਰੂਪ ਲਈ ਵਰਤਿਆ ਗਿਆ ਹੈ, ਭਾਵ, ਇਹ ਸ਼ਬਦ, ਨਾਨਕ ਦੇ, ੧੦ ਸਰੂਪਾਂ ਵਿਚੋਂ, ਪਹਿਲੇ ਸਰੂਪ, ਸ੍ਰੀ ਗੁਰੂ ਨਾਨਕ ਸਾਹਿਬ ਦਾ ਉਚਾਰਣ ਕੀਤਾ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ, ਹਰ ਸ਼ਬਦ, Hymn ਜਾਂ ਬਾਣੀ ਦੇ ਸਿਰਲੇਖ ਵਿਚ, ਲਫ਼ਜ਼ 'ਮਹਲਾ' ਦੇ ਨਾਲ ੧,੨,੩,੪,੫ ਜਾਂ ੯ ਅੰਕਾਂ ਵਿਚੋਂ ਕੋਈ ਇਕ ਅੰਕ ਵਰਤਿਆ ਗਿਆ ਹੈ, ਜੋ ਇਸ ਗਲ ਦਾ ਸੂਚਕ ਹੈ ਕਿ ਅਗੇ ਦਿਤੀ ਬਾਣੀ, ਨਾਨਕ ਦੇ ਕਿਹੜੇ ਸਰੂਪ ਦੀ ਉਚਾਰਣ ਕੀਤੀ ਹੋਈ ਹੈ। ਇਥੇ '੧' ਅੰਕ ਤੋਂ ਪਹਿਲਾਂ 'ਪਹਿਲਾ' ਲਫ਼ਜ਼ ਦੀ ਵਰਤੋਂ, ਅੰਕ '੧' ਦਾ ਉਚਾਰਣ 'ਪਹਿਲਾ' ਕਰਨਾ ਦਸ ਰਹੀ ਹੈ। ਇਸ ਤੋਂ ਉਪਰੰਤ, ਇਸ ਸ਼ਬਦ ਨੂੰ ਪਹਿਲੇ ਘਰ ਦੇ ਵਿਚ ਗਾਉਣ ਦੀ ਹਦਾਇਤ ਹੈ।

ਇਕ ਸਾਖੀ ਅਨੁਸਾਰ, ਇਹ ਸ਼ਬਦ ਗੁਰੂ ਸਾਹਿਬ ਨੇ ਕਲਿਜੁਗ ਨੂੰ ਸੰਬੋਧਨ ਕਰ ਕੇ ਉਚਾਰਣ ਕੀਤਾ ਹੈ, ਜੋ, ਮਹਾਰਾਜ ਨੂੰ ਭਰਮਾਉਣ ਆਇਆ ਸੀ। ਇਕ ਹੋਰ, ਜ਼ਰੂਰੀ ਗਲ ਇਹ ਸਮਝਣ ਵਾਲੀ ਹੈ ਕਿ, ਕਈ ਵੇਰ ਇਹ ਸ਼ਬਦ, Hymn, ਵਾਚਣ ਲਗਿਆਂ ਇਹ ਭੁਲੇਖਾ ਲਗ ਜਾਂਦਾ ਹੈ ਕਿ ਇਸ ਵਿਚ ਗੁਰੂ ਸਾਹਿਬ ਦੀ ਭਾਂਜਵਾਦੀ, escapist ਸੋਚ ਹੈ, ਪਰ ਅਜਿਹਾ ਬਿਲਕੁਲ ਨਹੀਂ ਹੈ। ਇਸ ਦਾ ਵਰਣਨ ਅਗੇ ਕੀਤਾ ਜਾਏਗਾ।

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥

-- ਜੇ ਮੇਰੇ ਲਈ ਮੋਤੀਆਂ ਦੇ ਮਹਿਲ ਵੀ ਉਸਾਰ ਲਏ ਜਾਣ ਅਤੇ ਉਨ੍ਹਾਂ ਦੇ ਉਪਰ ਰਤਨ ਜੜੇ ਹੋਏ ਹੋਣ;

-- ਜੇ ਉਨ੍ਹਾਂ ਮਹਿਲਾਂ ਤੇ ਕਸਤੂਰੀ ਅਤੇ ਕੇਸਰ, ਅਗਰ, ਚੰਦਨ ਨਾਂ ਦੇ ਦਰੱਖਤਾਂ ਦੀ ਸੁਗੰਧਤ ਲਕੜੀ ਆਦਿ, ਸਭ ਅਜਿਹੇ ਪਦਾਰਥਾਂ ਦਾ, ਰਲਾ ਕੇ, ਬਣਾਇਆ ਹੋਇਆ ਲੇਪ ਵੀ ਲਗਿਆ ਹੋਵੇ, ਜਿਸ ਨਾਲ ਮਨ ਵਿਚ ਚਾਅ, ਉਲਾਰ ਪੈਦਾ ਹੁੰਦਾ ਹੋਵੇ ;

-- ਅਜਿਹੇ ਮਹਿਲ ਮਾੜੀਆਂ ਨਾਲ, ਮੇਰਾ ਮਨ ਕਿਤੇ, ਹੇ ਪ੍ਰਭੂ ! ਤੇਰੇ ਨਾਮ ਨੂੰ ਵਿਸਾਰ ਨਾ ਬੈਠੇ, ਕਿਤੇ ਪਰਮਾਤਮਾ ਦਾ ਨਾਮ ਚਿਤ ਆਉਣੋਂ ਰਹਿ ਨਾ ਜਾਵੇ।੧।

ਪੰਜਵੇਂ ਪਾਤਸ਼ਾਹ, ੩੧੯ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਜਿਤਨੇ ਮਰਜ਼ੀ ਘਰ ਮੰਦਰ ਹੋਣ, ਅਸਲ ਖ਼ੁਸ਼ੀਆਂ ਉਥੇ ਹੀ ਹਨ, ਜਿਥੇ ਤੂੰ ਚਿਤ ਆਉਂਦਾ ਹੈਂ – 'ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ॥' ਹੋਰ ਫ਼ੁਰਮਾਣ ਕਰਦੇ ਹਨ ਕਿ ਘਰ ਅੰਦਰ ਸੁੰਦਰ ਸੇਜ ਆਦਿ ਦੇ ਸੁਖ ਹੋਣ, ਸੋਨਾ ਚੰਦਨ, ਹੀਰੇ ਮੋਤੀ, ਹੋਰ ਕਈ ਸੁਗੰਧੀਆਂ ਹੋਣ। ਮਨ ਭਾਉਂਦੇ ਸੁਖ ਮਿਲਦੇ ਹੋਣ। ਪਰ ਜੇ ਪ੍ਰਭੂ ਚਿਤ ਨਹੀਂ ਆਉਂਦਾ ਤਾਂ ਸਮਝੋ, ਅਜਿਹੇ ਮਨੁਖ ਵਿਸ਼ਟਾ ਦੇ ਕੀੜੇ ਹਨ। ਵਾਹਗੁਰੂ ਦੇ ਨਾਮ ਤੋਂ ਬਿਨਾਂ ਕਦੇ ਸ਼ਾਂਤੀ ਨਹੀਂ ਮਿਲ ਸਕਦੀ, ਕਦੇ ਧਰਵਾਸ ਨਹੀਂ ਮਿਲਦਾ – 'ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ॥ ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ॥ ਮਨ

ਇਛੇ ਸੁਖ ਮਾਣਦਾ  ਕਿਛੁ ਨਾਹਿ ਵਿਸੂਰੇ॥ ਸੋ ਪ੍ਰਭੁ ਚਿਤਿ ਨ ਆਵਈ  ਵਿਸਟਾ ਕੇ ਕੀਰੇ॥ ਬਿਨੁ ਹਰਿ ਨਾਮ ਨ ਸਾਂਤਿ ਹੋਇ  ਕਿਤੁ ਬਿਧਿ ਮਨੁ ਧੀਰੇ॥', ਪੰਨਾ ੭੦੭. ਕਿਉਂਕਿ ਹਰੀ ਪ੍ਰਭੂ ਦੀ ਭਗਤੀ, ਸਿਮਰਨ ਬਿਨਾਂ ਕਦੇ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਹ ਮਨੁਖਾ ਜਨਮ, ਜੋ ਹੀਰੇ ਵਾਂਙ ਅਤਿਅੰਤ ਕੀਮਤੀ ਹੈ, ਉਸ ਨੂੰ ਸਾਧੂ ਦੀ ਸੰਗਤਿ ਵਿਚ ਰਹਿੰਦਿਆਂ ਇਕ ਇਕ ਖਿੰਨ ਵਾਹਗੁਰੂ ਦਾ ਨਾਮ ਜਪ ਕੇ ਹੀ ਸਫ਼ਲ ਕੀਤਾ ਜਾ ਸਕਦਾ ਹੈ - 'ਸੁਖੁ ਨਾਹੀ ਰੇ ਹਰਿ ਭਗਤਿ ਬਿਨਾ॥ ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧ ਸੰਗਤਿ ਜਪਿ ਇਕ ਖਿਨਾ॥', ਪੰਨਾ ੨੧੦. ਕਿਉਂਕਿ, ਅਗੋਂ ਬਚਨ ਹਨ, ਪੁਤਰ, ਜਾਇਦਾਦਾਂ, ਇਸਤ੍ਰੀ ਆਦਿ ਦੀਆਂ ਮਨ ਭਾਉਂਦੀਆਂ ਮਸਤੀਆਂ ਤਾਂ ਅਨੇਕਾਂ ਲੋਕ ਭੋਗ ਭੋਗ ਕੇ ਛਡ ਕੇ ਚਲੇ ਗਏ, ਵਧੀਆ ਹਾਥੀ, ਘੋੜੇ ਆਦਿ, ਰਾਜ ਦੀਆਂ ਮੌਜਾਂ ਆਦਿ ਭੋਗ ਕੇ ਮੂਰਖ ਲੋਕ ਨੰਗੇ ਹੋ ਕੇ ਚਲੇ ਗਏ। ਸਰੀਰ ਤੇ ਸੁਗੰਧੀਆਂ, ਚੰਦਨ ਆਦਿ ਵਰਤਦੇ ਰਹੇ ਪਰ ਇਹ ਸਰੀਰ ਤਾਂ ਅੰਤ ਮਿਟੀ ਵਿਚ ਹੀ ਰੁਲ ਗਿਆ। ਇਸ ਨਾਸ਼ਮਾਨਤਾ ਤੋਂ ਖ਼ਬਰਦਾਰ ਕੀਤਾ ਹੈ - 'ਸੁਤ ਸੰਪਤਿ ਬਨਿਤਾ ਬਿਨੋਦ ॥ ਛੋਡਿ ਗਏ ਬਹੁ ਲੋਗ ਭੋਗ॥ ਹੈਵਰ ਗੈਵਰ ਰਾਜ ਰੰਗ॥ ਤਿਆਗਿ ਚਲਿਓ ਹੈ ਮੂੜ ਨੰਗ॥ ਚੋਆ ਚੰਦਨ ਦੇਹ ਫੂਲਿਆ॥ ਸੋ ਤਨੁ ਧਰ ਸੰਗਿ ਰੂਲਿਆ॥'

**ਹਰਿ ਬਿਨੁ ਜੀਉ  ਜਲਿ ਬਲਿ ਜਾਉ ॥**
**ਮੈ ਆਪਣਾ ਗੁਰੁ ਪੂਛਿ ਦੇਖਿਆ  ਅਵਰੁ ਨਾਹੀ ਥਾਉ ॥੧॥ ਰਹਾਉ ॥**

-- ਕਿਉਂਕਿ, ਹਰੀ ਪ੍ਰਭੂ ਤੋਂ ਬਿਨਾਂ, ਜਾਂ ਉਸਦੇ ਨਾਮ ਤੋਂ ਬਿਨਾਂ ਜੀਉ, ਭਾਵ, ਜੀਵਾਤਮਾ, ਸੜ ਬਲ ਜਾਂਦਾ ਹੈ।

-- ਮੈਂ ਆਪਣੇ ਗੁਰੂ ਨੂੰ ਪੁਛ ਕੇ ਵੇਖ ਲਿਆ ਹੈ, ਕਿ ਇਹ ਸਚ ਹੈ ਕਿ ਵਾਹਗੁਰੂ ਦੇ ਨਾਮ ਤੋਂ ਬਿਨਾਂ ਤਾਂ ਜੀਵਾਤਮਾ ਦੀ ਕੋਈ ਥਾਂ ਹੀ ਨਹੀਂ, ਭਾਵ, ਭਟਕਣਾ ਹੀ ਭਟਕਣਾ ਹੈ।੧।ਰਹਾਉ।

ਪਾਤਸ਼ਾਹ ਨੇ, ਇਥੇ, ਸੁਖ ਦਾ ਆਖਰੀ ਮਾਪਦੰਡ ਦਸਿਆ ਹੈ ਕਿ ਨਾਮ ਦੀ ਕੀਮਤ ਹੀ ਸਭ ਤੋਂ ਉਪਰ ਹੈ। ਇਸ ਤੋਂ ਬਿਨਾਂ ਮਨੁਖ ਲਈ ਹੋਰ ਕੋਈ ਵਸਤੂ ਇਸ ਤੋਂ ਵਧ ਗੁਣਵੱਤਾ ਨਹੀਂ ਰਖਦੀ। ਇਹੀ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਉਪਦੇਸ਼ ਹੈ।

**ਧਰਤੀ ਤ ਹੀਰੇ ਲਾਲ ਜੜਤੀ  ਪਲਘਿ ਲਾਲ ਜੜਾਉ ॥**
**ਮੋਹਣੀ ਮੁਖਿ ਮਣੀ ਸੋਹੈ  ਕਰੇ ਰੰਗਿ ਪਸਾਉ ॥**
**ਮਤੁ ਦੇਖਿ ਭੂਲਾ ਵੀਸਰੈ  ਤੇਰਾ ਚਿਤਿ ਨ ਆਵੈ ਨਾਉ ॥੨॥**

-- ਜੇ ਸਾਰੀ ਧਰਤੀ ਹੀ ਹੀਰਿਆਂ ਦੇ ਨਾਲ ਜੜ੍ਹੀ ਹੋਈ ਮਿਲ ਜਾਏ ਅਤੇ ਉਸ ਧਰਤੀ ਤੇ ਉਸਰੇ ਹੋਏ ਮਹਿਲਾਂ ਵਿਚ ਪਏ ਪਲੰਘ, ਲਾਲਾਂ, ਰਤਨਾਂ ਨਾਲ ਜੜ੍ਹੇ ਹੋਏ ਮਿਲ ਜਾਣ;

-- ਅਤੇ ਉਸ ਪਲੰਘ ਤੇ ਅਤਿ ਸੁੰਦਰ, ਮਨ ਨੂੰ ਮੋਹਣ ਵਾਲੀ ਇਸਤਰੀ ਹੋਏ, ਜਿਸ ਦੇ ਮੁਖ ਤੇ ਮਣੀ ਵੀ ਸੁਭਾਇਮਾਨ ਹੋਵੇ, ਭਾਵ, ਅਤਿਅੰਤ, ਉਤਮ ਰੂਪ ਵਿਚ ਸ਼ਿੰਗਾਰੀ ਹੋਈ ਹੋਵੇ। ਉਹ, ਪ੍ਰੇਮ ਪੈਦਾ ਕਰਨ ਦੇ ਲਈ, ਆਪਣੇ ਹਾਵ ਭਾਵ ਨਾਲ ਖਿਚ ਪਾ ਰਹੀ ਹੋਵੇ,

ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੇ ਬਚਨ ਹਨ ਕਿ ਸੇਜਾਂ, ਸੋਨੇ ਹੀਰਿਆਂ ਲਾਲਾਂ ਨਾਲ ਜੜ੍ਹੀਆਂ ਹੋਣ, ਸੁੰਦਰ ਕਪੜੇ ਹੋਣ, ਹੋਰ ਭੋਗਣ ਨੂੰ ਸਭ ਕੁਝ ਹੋਵੇ ਤਾਂ ਵੀ ਇਹ ਸਭ, ਜੀਵ ਇਸਤ੍ਰੀ ਨੂੰ, ਆਪਣੇ ਪ੍ਰਭੂ ਪਤੀ ਪਿਆਰੇ ਬਿਨਾਂ ਸਭ ਤਤੇ, ਸੜਨ ਪੈਦਾ ਕਰਨਗੇ। ਕਿਉਂਕਿ ਇਨ੍ਹਾਂ ਸਭ ਦਾ ਰਿਸ਼ਤ ਵਿਕਾਰਾਂ ਨਾਲ ਹੈ - 'ਸੇਜੜੀਆ ਸੋਇੰਨ ਹੀਰੇ ਲਾਲ ਜੜੰਦੀਆ॥

ਸੁਭਰ ਕਪੜ ਭੋਗ ਨਾਨਕ ਪਿਰੀ ਵਿਹੂਣੀ ਤਤੀਆ॥', ਪੰਨਾ ੧੧੦੨.

-- ਇਹ ਸਭ ਵਿਅਰਥ ਹੋ ਜਾਏਗਾ ਜੇ, ਇਨ੍ਹਾਂ ਸਭ ਵਿਚ ਗਲਤਾਨ ਹੋ ਕੇ ਮੈਨੂੰ, ਹੇ ਵਾਹਗੁਰੂ ! ਤੂੰ ਵਿਸਰ ਜਾਏਂ ਅਤੇ ਮੈਂ ਤੈਨੂੰ ਭੁਲ ਜਾਵਾਂ ਅਤੇ ਤੇਰਾ ਨਾਮ ਮੇਰੇ ਮਨ ਨੂੰ ਚੇਤੇ ਨਾ ਆਏ।੨।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੧੪੨ ਤੇ ਫ਼ੁਰਮਾਣ ਕਰਦੇ ਹਨ ਕਿ ਸੋਨਾ, ਚਾਂਦੀ ਤੇ ਹੀਰਿਆਂ ਅਤੇ ਲਾਲਾਂ ਦਾ ਜੜ੍ਹਿਆ ਹੋਇਆ ਪਹਾੜ ਮਿਲ ਜਾਵੇ ਤਾਂ ਵੀ ਮੈਂ ਸਿਰਫ਼ ਤੇਰੀ ਹੀ ਸਿਫ਼ਤ ਸਲਾਹ ਕਰਾਂ ਅਤੇ ਸਿਫ਼ਤ ਸਲਾਹ ਕਰਦਿਆਂ ਕਰਦਿਆਂ ਮੇਰਾ, ਤੇਰੀ ਸਿਫ਼ਤ ਸਲਾਹ ਕਰਨ ਦਾ ਚਾਅ ਕਦੇ ਨਾ ਮੁਕੇ - 'ਪਰਬਤੁ ਸੁਇਨਾ ਰੁਪਾ ਹੋਵੈ ਹੀਰੇ ਲਾਲ ਜੜਾਉ॥ ਭੀ ਤੂੰ ਹੈ ਸਾਲਾਹਣਾ ਆਖਣ ਲਹੈ ਨ ਚਾਉ॥'

ਭਗਤ ਨਾਮਦੇਵ ਜੀ ਨੂੰ, ਸੁਲਤਾਨ ਮੁਹੰਮਦ ਬਿਨ ਤੁਗਲਕ ਨੇ ਹੀਰਿਆਂ ਦੇ ਜੜ੍ਹੇ ਹੋਏ ਪਲੰਘ ਦਿਤੇ ਤਾਂ ਭਗਤ ਜੀ ਨੇ, ਇਹ ਕਹਿ ਕੇ ਲੈਣ ਤੋਂ ਇਨਕਾਰ ਕਰ ਦਿਤਾ, ਕਿ ਉਹ ਨਾਮ ਜਪਣ ਜਾਂ ਪਲੰਘਾਂ ਦੀ ਰਖਵਾਲੀ ਕਰਣ। ਪਰ ਉਸ ਦੇ ਹਠ ਕਰਨ ਤੇ, ਰਾਜੇ ਦੇ ਭੇਜੇ ਹੋਇ ਚਾਰ ਬੰਦੇ, ਲੈ ਕੇ ਤੁਰ ਪਏ। ਰਾਹ ਵਿਚ, ਉਹ ਪਲੰਘ, ਦਰਿਆ ਦੇ ਹਵਾਲੇ ਕਰ ਦਿਤੇ।

**ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥**
**ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥**
**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੩॥**

-- ਜੇ ਮੈਂ ਸਿਧ ਹੋ ਕੇ, ਭਾਵ, ਸਾਰੀਆਂ ਰਿਧੀਆਂ, ਸਿਧੀਆਂ, ਨਿਧੀਆਂ ਆਦਿ ਪ੍ਰਾਪਤ ਕਰ ਕੇ, ਉਨ੍ਹਾਂ ਨੂੰ ਵਰਤਦਾ ਫ਼ਿਰਾਂ। ਸਾਰੀਆਂ ਰਿਧੀਆਂ ਨੂੰ ਆਪਣੇ ਕੋਲ ਹੀ ਬੁਲਾ ਲਵਾਂ ਅਤੇ ਕਹਿਣ ਮਾਤਰ ਨਾਲ ਹੀ, ਉਹ ਮੇਰੇ ਕੋਲ ਹਾਜ਼ਰ ਹੋ ਜਾਣ ;

-- ਇਨ੍ਹਾਂ ਸਾਰੀਆਂ ਕਰਾਮਾਤੀ ਸ਼ਕਤੀਆਂ ਨੂੰ ਵਰਤ ਕੇ, ਮੈਂ ਕਦੇ ਅਲੋਪ ਹੋ ਜਾਵਾਂ ਅਤੇ ਕਦੇ ਪ੍ਰਗਟ ਹੋ ਜਾਵਾਂ, ਜਿਸ ਨਾਲ ਲੋਕ ਮੇਰੀਆਂ ਸ਼ਕਤੀਆਂ ਵੇਖ ਕੇ ਮੇਰੇ ਤੇ ਸ਼ਰਧਾ, ਪ੍ਰੇਮ ਧਾਰ ਲੈਣ ;

-- ਇਨ੍ਹਾਂ ਸਭ ਦੇ ਹੁੰਦਿਆਂ, ਮਾਣਦਿਆਂ, ਮਤਾਂ ਕਿਤੇ ਮੈਂ, ਹੇ ਵਾਹਗੁਰੂ ! ਤੈਨੂੰ ਨਾ ਭੁਲਾ ਬੈਠਾਂ ਅਤੇ ਤੇਰਾ ਨਾਮ ਮੇਰੇ ਚਿਤ ਤੋਂ ਵਿਸਰ ਜਾਏ।

-- ਇਹ ਸਭ ਵਿਅਰਥ ਹੋ ਜਾਏਗਾ ਜੇ, ਇਨ੍ਹਾਂ ਸਭ ਵਿਚ ਗਲਤਾਨ ਹੋ ਕੇ ਮੈਨੂੰ, ਹੇ ਵਾਹਗੁਰੂ ! ਤੂੰ ਵਿਸਰ ਜਾਏਂ ਅਤੇ ਮੈਂ ਤੈਨੂੰ ਭੁਲ ਜਾਵਾਂ ਅਤੇ ਤੇਰਾ ਨਾਮ ਮੇਰੇ ਮਨ ਨੂੰ ਚੇਤੇ ਨਾ ਆਏ।੩।

ਪਾਤਸ਼ਾਹ ਨੇ, ਪੰਨਾ ੨੨੫ ਤੇ, ਫ਼ੁਰਮਾਣ ਕੀਤਾ ਹੈ ਕਿ ਜੇ ਮੈਂ ਸਾਰੀਆਂ ਰਿਧੀਆਂ ਸਿਧੀਆਂ ਦਾ ਮਾਲਕ ਹੋ ਕੇ ਸਿਧ ਅਖਵਾ ਲਵਾਂ, ਆਪਣੇ ਸਿਰ ਤੇ ਸ਼ਾਹੀ ਤਾਜ ਤੇ ਛੱਤਰ ਝੁਲਾ ਲਵਾਂ, ਤਾਂ ਵੀ ਪ੍ਰਭੂ ਦੀ ਪ੍ਰਾਪਤੀ ਤੋਂ ਬਿਨਾਂ, ਸਚ ਪ੍ਰਾਪਤ ਨਹੀਂ ਹੋ ਸਕਦਾ - 'ਸਿਧੁ ਕਹਾਵਉ ਰਿਧਿ ਸਿਧਿ ਬੁਲਾਵਉ॥ ਤਾਜ ਕੁਲਹ ਸਿਰਿ ਛਤ੍ਰੁ ਬਨਾਵਉ॥ ਬਿਨੁ ਜਗਦੀਸ ਕਹਾ ਸਚੁ ਪਾਵਉ॥'

**ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ ॥**
**ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥**
**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੪॥੧॥**

-- ਜੇ ਮੈਂ ਰਾਜਾ ਵੀ ਬਣ ਜਾਵਾਂ ਅਤੇ ਇਕੱਤਰ ਕੀਤੀ, ਵਡੀ ਫ਼ੌਜ ਦੇ ਜ਼ੋਰ ਤੇ ਰਾਜ

ਸਿੰਘਾਸਨ ਉਤੇ ਬੈਠਦਾ ਹੋਵਾਂ ;

-- ਸ਼ਾਹੀ ਤਖ਼ਤ ਤੇ ਬਿਰਾਜਮਾਨ ਹੁੰਦਿਆਂ ਮੇਰਾ ਹੁਕਮ ਸਭ ਪਾਸੇ ਵਜਦਾ ਹੋਵੇ ਤਾਂ ਵੀ ਇਹ ਸਭ ਕੁਝ ਵਿਅਰਥ ਹੈ।

-- ਇਹ ਸਭ ਵਿਅਰਥ ਹੋ ਜਾਏਗਾ ਜੇ, ਇਨ੍ਹਾਂ ਸਭ ਵਿਚ ਗਲਤਾਨ ਹੋ ਕੇ ਮੈਨੂੰ, ਹੇ ਵਾਹਗੁਰੂ ! ਤੂੰ ਵਿਸਰ ਜਾਏਂ ਅਤੇ ਮੈਂ ਅਜਿਹਾ ਭੁਲੇਖੇ ਵਿਚ ਆ ਜਾਵਾਂ ਕਿ ਤੇਰਾ ਨਾਮ ਮੇਰੇ ਮਨ ਨੂੰ ਚੇਤੇ ਨਾ ਆਏ।

ਸੁਲਤਾਨ, ਰਾਜਾ, ਬਾਦਸ਼ਾਹ ਹੋਣਾ ਅਤੇ ਉਸ ਦੇ ਰਾਜਸਿਕ ਭੋਗ, ਇਹ ਸਭ ਨਾਸਵੰਤ ਹਨ। ਪਾਤਸ਼ਾਹ, ੧੯ ਪੰਨੇ ਤੇ, ਵੀ ਫ਼ੁਰਮਾਣ ਕਰਦੇ ਹਨ ਕਿ ਮੈਂ ਦੇਖਿਆ, ਜਿਨ੍ਹਾਂ ਦਾ ਨਾਂ ਸੁਲਤਾਨ, ਖਾਨ ਆਦਿ ਸੀ, ਉਹ ਸਭ, ਅੰਤ ਨੂੰ ਮਿਟੀ ਹੋ ਗਏ - 'ਨਾਵ ਜਿਨਾ ਸੁਲਤਾਨ ਖਾਨ ਹੋਦੇ ਡਿਠੇ ਖੇਹ॥' ਅਜਿਹਾ ਫ਼ੁਰਮਾਣ, ੧੪੨ ਪੰਨੇ ਤੇ ਵੀ ਕੀਤਾ ਹੈ ਕਿ ਫ਼ੌਜ, ਚੋਬਦਾਰ, ਚੌਰ ਕਰਨ ਵਾਲੇ ਅਤੇ ਮਹਲਾਂ ਵਿਚ ਨਿਵਾਸ ਮਿਲ ਜਾਏ ਤਾਂ ਇਹ ਕੋਈ ਪ੍ਰਾਪਤੀ ਨਹੀਂ। ਪ੍ਰਭੂ ਦੇ ਸੱਚੇ ਨਾਮ ਤੋਂ ਬਿਨਾਂ ਇਹ ਸਭ ਨਾਸਵੰਤ ਹਨ - 'ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ॥ ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ॥' ਪੰਨਾ ੨੨੫ ਤੇ ਬਚਨ ਕੀਤਾ ਹੈ ਕਿ ਆਪਣੇ ਆਪ ਨੂੰ ਖ਼ਾਨ, ਸ਼ਹਿਨਸ਼ਾਹ ਜਾਂ ਰਾਜਾ ਕਹਾ ਲਵਾਂ, ਸਾਰਿਆਂ ਤੇ ਖ਼ੂਬ ਰੋਹਬ ਪਾਵਾਂ, ਇਹ ਦਿਖਾਵਾ ਫੋਕਾ ਹੈ, ਗੁਰੂ ਦੇ ਦਿਤੇ ਸ਼ਬਦ ਦਾ ਜਾਪ ਕੀਤੇ ਬਿਨਾਂ, ਇੰਵ, ਮਨੁਖਾ ਜਨਮ ਵਾਲਾ ਕੋਈ ਕਾਰਜ ਨਹੀਂ ਸਵਰੇਗਾ - 'ਖਾਨੁ ਮਲੂਕੁ ਕਹਾਵਉ ਰਾਜਾ॥ ਅਬੇ ਤਬੇ ਕੂੜੇ ਹੈ ਪਾਜਾ॥ ਬਿਨੁ ਗੁਰ ਸਬਦ ਨ ਸਵਰਸਿ ਕਾਜਾ॥' ਅਜਿਹੇ ਹੋਰ ਪ੍ਰਮਾਣ, ਬਾਣੀ ਵਿਚ ਬੇਅੰਤ ਹਨ। ਹੋਰ ਬਚਨ ਕਰਦੇ ਹਨ ਕਿ ਲਖਾਂ ਦੀ ਫ਼ੌਜ ਹੋਵੇ, ਹਥਿਆਰ ਆਦਿ ਹੋਣ, ਲਖਾਂ ਨਮਸਕਾਰਾਂ ਕਰਦੇ ਹੋਣ, ਲਖਾਂ ਤੇ ਹੁਕਮ ਚਲਦਾ ਹੋਵੇ, ਲਖਾਂ ਖੜੇ ਹੋ ਹੋ ਕੇ ਇਜ਼ੱਤ ਦਿੰਦੇ ਹੋਣ ਤਾਂ ਵੀ ਜੇ ਵਾਹਿਗੁਰੂ ਦੇ ਦਰਬਾਰ ਵਿਚ ਜੇ ਇਹ ਇਜ਼ਤ ਕਬੂਲ ਨਾ ਹੁੰਦੀ ਹੋਵੇ ਤਾਂ ਸਭ ਕੁਝ ਵਿਅਰਥ ਗਿਆ - 'ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ॥ ਲਖਾ ਉਪਰਿ ਫੁਰਮਾਇਸਿ ਤੇਰੀ ਲਖ ਉਠਿ ਰਾਖਹਿ ਮਾਨੁ॥ ਜਾਂ ਪਤਿ ਲੇਖੈ ਨਾ ਪਵੈ ਤਾਂ ਸਭਿ ਨਿਰਾਫਲ ਕਾਮ॥', ਪੰਨਾ ੩੫੮.

ਇਸ ਸ਼ਬਦ ਵਿਚ ਗੁਰੂ ਹੀ ਆਖਰੀ ਸਲਾਹਕਾਰ (Consultancy) ਮੰਨਿਆ ਗਿਆ ਹੈ, ਜਿਸ ਨੂੰ ਪੁਛ ਕੇ ਇਹ ਪਤਾ ਲਗਿਆ ਹੈ ਕਿ ਵਾਹਗੁਰੂ ਦੇ ਨਾਮ ਤੋਂ ਬਿਨਾਂ ਤਾਂ ਜੀਵਾਤਮਾ ਦੀ ਕੋਈ ਥਾਂ ਹੀ ਨਹੀਂ। ਇਸ ਤਨ ਦਾ ਤਾਂ ਨਾਸ ਹੋਣਾ ਹੀ ਹੈ, ਇਹ ਤਾਂ ਸੜ ਬਲ ਜਾਂਦਾ ਹੈ। ਮਾਇਆ ਦੇ ਸਾਰੇ ਰੂਪ - ਦੁਨਿਆਵੀ ਸੁਖ, ਐਸ਼ੋ-ਆਰਾਮ, ਪੈਸਾ, ਧਨ ਪਦਾਰਥ, ਇਸਤਰੀਆਂ, ਕਰਾਮਾਤਾਂ, ਸ਼ਹੁਰਤ, ਰਾਜ ਸੱਤਾ, ਆਦਿ ਸਭ ਕੁਝ, ਜੀਵ ਆਤਮਾ ਨੂੰ ਸਦੀਵੀ ਸੁਖ ਪ੍ਰਦਾਨ ਕਰਨ ਦੀ ਸਮਰਥਾ ਨਹੀਂ ਰਖਦੇ। ਸਚਾ ਸੁਖ ਤਾਂ ਸਿਰਫ਼, ਗੁਰੂ ਦੀ ਸ਼ਰਣ ਅਤੇ ਵਾਹਿਗੁਰੂ ਦਾ ਸਚਾ ਨਾਮ ਹੀ ਹੈ। ਗੁਰੂ ਸਾਹਿਬ ਦੇ ਕਹਿਣ ਦਾ ਭਾਵ ਇਹ ਹੈ ਕਿ ਮਾਇਆ ਦੇ ਸਾਰੇ ਰੂਪਾਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ, ਕਿਤੇ ਇਹ, ਮਨੁਖ ਨੂੰ ਆਪਣੇ ਵਿਚ ਮਗਨ ਕਰ ਕੇ, ਪਰਮੇਸ਼ਰ ਨੂੰ ਨਾ ਭੁਲਾ ਦੇਣ। ਪਰ ਜੇ ਪਰਮੇਸ਼ਰ ਚੇਤੇ ਰਹੇ ਤਾਂ ਮਾਇਆ ਦੀਆਂ ਸਹੂਲਤਾਂ ਤੋਂ ਕੋਈ ਨਫ਼ਰਤ ਨਹੀਂ। ਗੁਰਮਤਿ, ਭਾਂਜਵਾਦੀ ਵੀਚਾਰਧਾਰਾ ਨਹੀਂ। ਪਾਤਸ਼ਾਹ, ਮਾਇਆ ਤੋਂ ਭਜਣ ਦਾ ਉਪਦੇਸ਼ ਨਹੀਂ ਦੇ ਰਹੇ, ਬਲਕਿ ਮਾਇਆ ਵਿਚ ਗ਼ਲਤਾਨ ਹੋ ਕੇ ਵਾਹਗੁਰੂ ਨੂੰ ਭੁਲ ਜਾਣ ਦੇ ਖ਼ਤਰੇ ਤੋਂ ਸਾਵਧਾਨ ਕਰ ਰਹੇ ਹਨ। ਪੰਚਮ ਪਾਤਸ਼ਾਹ ਨੇ, ਪੰਨਾ ੫੨੨ ਤੇ, ਇਹ ਸਪੱਸ਼ਟ ਕੀਤਾ ਹੈ ਕਿ ਪੂਰੇ ਗੁਰੂ ਨੂੰ ਭੇਟਣ ਦੇ ਨਾਲ ਸਚੀ ਜੀਵਨ ਜੁਗਤਿ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਮਨੁਖ ਮਾਇਆ ਦੇ ਸੁਖ ਭੋਗਦਿਆਂ ਹੋਇਆਂ, ਪ੍ਰਭੂ ਨੂੰ

ਚੇਤੇ ਰਖ ਕੇ ਮੁਕਤ ਪਦਾਰਥ ਹਾਸਲ ਕਰ ਲੈਂਦਾ ਹੈ - 'ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥ ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥'

ਜੇ ਮਨੁਖ ਆਪਣੇ ਆਪ ਨੂੰ ਨਾਮ ਦੇ ਵਿਚ ਰੰਗਿਆ ਰਖ ਸਕਦਾ ਹੈ ਅਤੇ ਮਾਇਆ ਦੇ ਰੂਪ, ਉਸ ਨੂੰ, ਨਾਮ ਤੋਂ ਤੋੜਨ ਦੀ ਸਮਰੱਥਾ ਤੋਂ ਹੀਣੇ ਹਨ, ਤਾਂ ਮਾਇਆ ਉਸ ਦਾ ਕੁਝ ਨਹੀਂ ਵਿਗਾੜ ਸਕਦੀ। ਅਜਿਹੀ ਅਵੱਸਥਾ ਵਿਚ ਉਹ ਮਾਇਆ ਦੇ ਸੁਖ ਮਾਣਦਿਆਂ ਹੋਇਆਂ ਵੀ ਮੁਕਤ ਪਦਾਰਥ ਪ੍ਰਾਪਤ ਕਰ ਲੈਂਦਾ ਹੈ। ਇਸ ਤੱਥ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਨੇ, ੬੪੮ ਪੰਨੇ ਤੇ ਇਉਂ ਸਪੱਸ਼ਟ ਕੀਤਾ ਹੈ - 'ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ॥' ਪਰ, ਇਸ ਤੋਂ ਉਲਟ ਜੇ ਮਨੁਖ, ਮਾਇਆ ਦੇ ਭੋਗਾਂ ਵਿਚ ਗ਼ਲਤਾਨ ਹੋ ਕੇ, ਪ੍ਰਭੂ ਦੇ ਨਾਮ ਤੋਂ ਖੁੰਝ ਜਾਏ, ਤਾਂ, ਭੋਗਾਂ ਦਾ ਤਿਆਗ ਜ਼ਰੂਰੀ ਹੋ ਜਾਂਦਾ ਹੈ।
ਰਾਜਾ ਜਨਕ, ਜੋ ਜਨਕ ਦੀ ਕੁਲ ਵਿਚੋਂ ਸਨ ਅਤੇ ੨੧ਵੇਂ ਜਨਕ ਸਨ, ਇਨ੍ਹਾਂ ਦਾ ਆਪਣਾ ਨਾਂ, ਸੀਰਧ੍ਵੱਜ ਸੀ, ਇਹੀ ਸੀਤਾ ਜੀ ਦੇ ਪਿਤਾ ਸਨ। ਇਨ੍ਹਾਂ ਦਾ ਹੀ ਨਾਂ, ਗੁਰਬਾਣੀ ਵਿਚ, ਰਾਜਾ ਜਨਕ ਵਜੋਂ ਆਇਆ ਹੈ, ਕਿਉਂਕਿ ਇਹ ਗੁਰਮੁਖਿ ਰਾਜਾ ਸਨ। ਉਹ ਰਾਜਾ ਹੋ ਕੇ ਵੀ ਮਾਇਆ ਵਿਚ, ਉਦਾਸ ਸਨ। ਉਨ੍ਹਾਂ ਨੂੰ ਮਾਇਆ ਨਹੀਂ ਸੀ ਪੋਹਦੀ। ਉਨ੍ਹਾਂ ਦੀ ਮਹਾਨਤਾ ਇਹ ਸੀ ਕਿ ਮਾਇਆ ਵਿਚ ਰਹਿਣ ਦੇ ਬਾਵਜੂਦ ਉਨ੍ਹਾਂ ਦੀ ਲਿਵ ਪ੍ਰਭੂ ਨਾਲ ਜੁੜੀ ਹੋਈ ਸੀ, ਜਿਸ ਕਰ ਕੇ ਸ੍ਰੀ ਗੁਰੂ ਅਮਰਦਾਸ ਸਾਹਿਬ ਨੇ, ੫੯੧ ਪੰਨੇ ਤੇ, ਰਾਜਾ ਜਨਕ (ਸੀਰਧ੍ਵੱਜ) ਨੂੰ, ਭਗਤ ਪ੍ਰਹਿਲਾਦ ਅਤੇ ਰਿਖੀ ਵਸ਼ਿਸ਼ਟ ਸਮੇਤ, ਗੁਰਮੁਖਿ ਦਸਿਆ ਹੈ - 'ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ॥ ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ॥ ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ॥' ਭਾਈ ਗੁਰਦਾਸ ਜੀ ਜੀ ਨੇ ਰਾਜਾ ਜਨਕ ਨੂੰ ਮਾਇਆ ਵਿਚ ਉਦਾਸ ਹੋਣ ਕਰਕੇ ਗੁਰਮੁਖਿ ਲਿਖਿਆ ਹੈ - 'ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ॥', ਵਾਰ ੧੦:੫. ਇਸ ਤੋਂ ਇਲਾਵਾ, ਰਾਜਾ ਪੀਪਾ ਦਾ ਇਕ ਸ਼ਬਦ, ਪੰਨਾ ੬੯੫ ਤੇ ਆਇਆ ਹੈ। ਇਨ੍ਹਾਂ ਦੀ ਵੀ ਰਾਜਾ ਹੋਣ ਦੇ ਬਾਵਜੂਦ, ਲਿਵ ਲਗੀ ਹੋਣ ਕਰਕੇ, ਗੁਰੂ ਸਾਹਿਬ ਨੇ ਇਨ੍ਹਾਂ ਦਾ ਇਕ ਸ਼ਬਦ, ਭਗਤ ਬਾਣੀ ਵਿਚ ਦਰਜ ਕੀਤਾ ਹੈ।

ਜੇ ਮਨੁਖ, ਇਨ੍ਹਾਂ ਸਾਰਿਆਂ ਵਾਂਙੂੰ, ਮਾਇਆ ਵਿਚ ਰਹਿ ਕੇ ਉਦਾਸ ਰਹਿਣ ਦੀ ਅਵੱਸਥਾ ਹਾਸਲ ਕਰ ਲਏ ਤਾਂ ਮਾਇਆ ਦਾ ਵਰਤਣਾ, ਕੋਈ ਮਾੜੀ ਗਲ ਨਹੀਂ। ਇਹ ਸਿਧਾਂਤ, ਸ੍ਰੀ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ, ਸਿਧ ਗੋਸਟਿ ਵਿਚ ਬਹੁਤ ਖ਼ੂਬਸੂਰਤੀ ਨਾਲ, ਉਨ੍ਹਾਂ ਸਿਧਾਂ ਨੂੰ ਸਮਝਾਇਆ ਸੀ, ਜੋ ਦੁਨੀਆਂ ਤੋਂ, ਮਾਇਆ ਦੇ ਡਰ ਕਾਰਣ ਭੱਜ ਕੇ ਪਹਾੜਾਂ ਵਿਚ ਛੁਪ ਬੈਠੇ ਸਨ। ਪੰਨਾ ੯੩੮ ਤੇ, ਆਪ ਜੀ ਨੇ ਫ਼ੁਰਮਾਣ ਕੀਤਾ ਹੈ ਕਿ ਜਿਵੇਂ ਪਾਣੀ ਵਿਚ ਰਹਿ ਕੇ ਵੀ ਕਮਲ ਅਤੇ ਮੁਰਗਾਈ, ਪਾਣੀ ਨਾਲ ਗਿਲੇ ਨਹੀਂ ਹੁੰਦੇ, ਉਸੇ ਤਰ੍ਹਾਂ, ਇਸ ਦੁਨੀਆਂ ਵਿਚ ਕਾਰ ਵਿਹਾਰ ਕਰਦੇ ਹੋਏ, ਆਪਣੀ ਸੁਰਤਿ, ਗੁਰੂ ਦੇ ਦਿਤੇ ਸ਼ਬਦ, ਭਾਵ, ਗੁਰ ਮੰਤਰ ਰਾਹੀਂ ਨਾਮ ਨਾਲ ਜੋੜੀ ਰਖਣ ਨਾਲ , ਭਵ ਸਾਗਰ ਤੋਂ ਤਰ ਜਾਈਦਾ ਹੈ - 'ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥ ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥' ਇਹੀ ਢੰਗ, ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿਚ, ਪੰਨਾ ੩੩੨ ਤੇ ਸਮਝਾਇਆ ਹੈ ਕਿ ਅੰਜਨ (ਸੁਰਮਾ) ਦੀ ਕਾਲਖ, ਭਾਵ, ਮਾਇਆ ਵਿਚ ਰਹਿੰਦੇ ਹੋਏ ਨਿਰ -ਅੰਜਨ, ਭਾਵ ਇਸ ਕਾਲਖ ਤੋਂ ਅਭਿਜ ਰਹੀਏ ਤਾਂ ਫ਼ਿਰ ਭਵਜਲ ਸਾਗਰ ਵਿਚ ਦੁਬਾਰਾ ਨਹੀਂ ਪੈ ਸਕਦੇ - 'ਅੰਜਨ ਮਾਹਿ ਨਿਰੰਜਨਿ ਰਹੀਐ ਬਹੁੜਿ ਨ ਭਵਜਲਿ ਪਾਇਆ॥' ਇਸੇ ਤਰ੍ਹਾਂ ਦੇ ਲਫ਼ਜ਼, ਸ੍ਰੀ ਗੁਰੂ ਨਾਨਕ ਸਾਹਿਬ ਵੀ ਆਪਣੀ ਬਾਣੀ ਵਿਚ ੭੩੦ ਪੰਨੇ ਤੇ ਵਰਤੇ ਹਨ ਅਤੇ ਜੋਗੀਆਂ ਨੂੰ ਸਮਝਾਇਆ, ਜੋ ਮਾਇਆ ਦੇ ਪ੍ਰਭਾਵ ਦੇ ਡਰ ਤੋਂ ਗ੍ਰਿਹਸਤ ਜੀਵਨ ਛੱਡ ਕੇ

ਬੈਠੇ ਸਨ - 'ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ॥' ਜੋਗ ਆਸਣਾਂ (yoga) ਨੂੰ ਗੁਰੂ ਪਾਤਸ਼ਾਹ ਨੇ, ਕਦੇ ਵੀ, ਭਗਤੀ ਦਾ ਮਾਰਗ ਨਹੀਂ ਮੰਨਿਆ।

ਸਾਰ ਇਹ ਨਿਕਲਿਆ ਕਿ ਮਨੁਖ ਨੂੰ ਮਾਇਆ ਦੀ ਪਕੜ ਤੋਂ ਮੁਕਤ ਹੋਣ ਲਈ ਨਾਮ ਜਪਣਾ ਜ਼ਰੂਰੀ ਹੈ। ਨਾਮ ਦੇ ਤੁਲ, ਦੁਨੀਆਂ ਦੀ ਕਿੰਨੀ ਵੀ ਮਾਇਆ ਹੋਵੇ, ਵਿਅਰਥ ਹੈ। ਮਾਇਆ ਬੁਰੀ ਨਹੀਂ। ਇਸਦੀ ਪਕੜ ਬੁਰੀ ਹੈ, ਜੋ ਪ੍ਰਭੂ ਦੇ ਨਾਮ ਤੋਂ ਤੋੜੇ। ਇਹੀ ਗਲ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਇਕ ਮਰਹਟਾ ਫ਼ਕੀਰ, ਰਮਦਾਸ ਨੂੰ ਸਮਝਾਈ ਸੀ ਜੋ ਉਨ੍ਹਾਂ ਨੂੰ ਕਸ਼ਮੀਰ ਵਿਚ ਮਿਲਿਆ ਸੀ ਕਿ '**ਗੁਰੂ ਨਾਨਕ ਸਾਹਿਬ ਨੇ ਮਾਇਆ ਨਹੀਂ, ਮਾਇਆ ਦਾ ਮੋਹ ਤਿਆਗਿਆ ਸੀ।**' ਸਾਰੀ ਗਲ ਸਮਝਣ ਤੋਂ ਬਾਅਦ ਉਸਨੇ ਕਿਹਾ ਸੀ, 'ਯਹ ਮੇਰੇ ਮਨ ਭਾਵਤੀ ਹੈ।' ਇਹ ਸਾਖੀ '**ਪੰਜਾਹ ਸਾਖੀਆਂ**' ਪੋਥੀ ਵਿਚ ਦਰਜ ਹੈ। ਇਹ ਰਮਦਾਸ, ਬਾਅਦ ਵਿਚ, ਸ਼ਿਵਾ ਜੀ ਮਰਹਟਾ ਦਾ ਗੁਰੂ ਬਣਿਆ ਸੀ। ਸੋ, ਗੁਰੂ ਦਾ ਸਿਖ, ਨਾਮ ਵਿਚ ਜੁੜਦਾ ਹੈ ਅਤੇ ਇਕ ਅਧਿਆਤਮਕ ਅਵੱਸਥਾ ਤੇ ਪੁੱਜ ਕੇ, ਮਾਇਆ ਦੀ ਕਿਸੇ ਵੀ ਕਿਸਮ ਦੀ ਬਹੁਤਾਤ ਨੂੰ ਤੁੱਛ ਜਾਣਦਾ ਹੈ। ਇਸ ਨੂੰ ਕਦੇ ਵੀ ਆਪਣਾ ਮਨੋਰਥ ਨਹੀਂ ਬਣਾਉਂਦਾ, ਭਾਵੇਂ, ਇਸਦੀ ਸ਼ੁਭ ਵਰਤੋਂ ਤੋਂ ਗੁਰੇਜ਼ ਨਹੀਂ ਕਰਦਾ। ਉਸ ਦਾ ਅਸਲ ਨਿਸ਼ਾਨਾ ਪ੍ਰਭੂ ਪ੍ਰੇਮ ਹੀ ਹੁੰਦਾ ਹੈ।